ਸੂਬੇ 'ਚ ਅਕਾਲੀ-ਬਸਪਾ ਸਰਕਾਰ ਬਣਨਾ ਤਹਿ, ਭਾਜਪਾ ਦਾ ਖਾਤਾ ਵੀ ਨਹੀਂ ਖੁੱਲ੍ਹਣਾ- ਸੁਖਬੀਰ ਸਿੰਘ ਬਾਦਲ

ਬੱਲੂਆਣਾ ਤੋਂ ਉਮੀਦਵਾਰ ਹਰਦੇਵ ਮੇਘ ਦੇ ਹੱਕ 'ਚ ਕੀਤੀਆਂ ਚੋਣ ਮੀਟਿੰਗਾਂ

ਅਬੋਹਰ, 3 ਜਨਵਰੀ (ਸੁਖਜੀਤ ਸਿੰਘ ਬਰਾੜ)-ਇਸ ਵਾਰ ਸੂਬੇ ਵਿਚ ਅਕਾਲੀ-ਬਸਪਾ ਗੱਠਜੋੜ ਦੀ ਸਰਕਾਰ ਬਣਨਾ ਤਹਿ ਹੈ, ਭਾਜਪਾ ਦਾ ਖਾਤਾ ਵੀ ਨਹੀਂ ਖੁੱਲ੍ਹਣਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੱਲੂਆਣਾ ਹਲਕੇ ਤੋਂ ਅਕਾਲੀ ਉਮੀਦਵਾਰ ਹਰਦੇਵ ਮੇਘ ਦੇ ਹੱਕ ਵਿਚ ਪਿੰਡ ਕੁੰਡਲ, ਡੰਗਰਖੇੜਾ, ਧਰਮਪੁਰਾ ਆਦਿ ਪਿੰਡਾਂ ਵਿਚ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਵਿਰੋਧੀਆਂ 'ਤੇ ਵਰ੍ਹਦਿਆਂ ਕਿਹਾ ਕਿ ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ ਤਿੰਨੇ ਬਾਹਰ ਦੀਆਂ ਪਾਰਟੀਆਂ ਹਨ, ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਤੁਹਾਡੀ ਆਪਣੀ ਪਾਰਟੀ ਹੈ, ਜਿਸ ਦਾ 100 ਸਾਲ ਪੁਰਾਣਾ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਪਿਛਲੀ ਵਾਰੀ ਪਵਿੱਤਰ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਸਰਕਾਰ ਤਾਂ ਬਣ ਗਈ ਪਰ ਹਾਲੇ ਤੱਕ ਕਿਸਾਨਾਂ ਦਾ ਕਰਜ਼ ਮੁਆਫ਼ ਨਹੀਂ ਹੋਇਆ ਤੇ ਨਾ ਹੀ ਘਰ-ਘਰ ਨੌਕਰੀ ਮਿਲੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਕਾਂਗਰਸੀ ਵਿਧਾਇਕਾਂ ਅਤੇ ਮੰਤਰੀਆਂ ਨੇ ਗੁੰਡਾਗਰਦੀ ਹੀ ਕੀਤੀ ਜਾ ਫਿਰ ਝੂਠੇ ਪਰਚੇ ਕਰਵਾਏ ਹਨ। ਉਨ੍ਹਾਂ ਕਿਹਾ ਕਿ ਤੁਸੀਂ ਇਸ ਵਾਰ ਅਕਾਲੀ-ਬਸਪਾ ਗੱਠਜੋੜ ਦੀ ਸਰਕਾਰ ਬਣਾ ਦਿਓ ਸਾਰੇ ਝੂਠੇ ਪਰਚੇ ਰੱਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮੈਂ ਯਕੀਨ ਦਿਵਾਉਂਦਾ ਹਾਂ ਕਿ ਅਕਾਲੀ-ਬਸਪਾ ਸਰਕਾਰ ਬਣਨ ਦਿਓ 13 ਨੁਕਾਤੀ ਪ੍ਰੋਗਰਾਮ ਵਿਚ ਕੀਤਾ ਗਿਆ ਇਕ ਇਕ ਵਾਅਦਾ ਵਫ਼ਾ ਹੋਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਉਮੀਦਵਾਰ ਹਰਦੇਵ ਮੇਘ ਨੂੰ ਜਿਤਾ ਕੇ ਵਿਧਾਨ ਸਭਾ 'ਚ ਭੇਜੋ ਬੱਲੂਆਣਾ ਹਲਕਾ ਦਾ ਵਿਕਾਸ ਮੈਂ ਲੰਬੀ ਅਤੇ ਜਲਾਲਾਬਾਦ ਹਲਕਿਆਂ ਨਾਲੋਂ ਬਿਹਤਰ ਕਰਾਂਗਾ। ਇਸ ਮੌਕੇ ਅਕਾਲੀ ਉਮੀਦਵਾਰ ਹਰਦੇਵ ਮੇਘ ਨੇ ਸੁਖਬੀਰ ਸਿੰਘ ਬਾਦਲ ਦਾ ਸੁਆਗਤ ਕਰਦਿਆਂ ਕਿਹਾ ਕਿ ਪਹਿਲਾਂ ਵੀ ਅਕਾਲੀ ਸਰਕਾਰ ਨੇ ਬੱਲੂਆਣਾ ਹਲਕੇ ਦਾ ਵਿਕਾਸ ਕੀਤਾ ਸੀ, ਹੁਣ ਵੀ ਕਰੇਗੀ। ਇਸ ਮੌਕੇ ਹਲਕਾ ਅਬੋਹਰ ਤੋਂ ਉਮੀਦਵਾਰ ਡਾ. ਮਹਿੰਦਰ ਕੁਮਾਰ ਰਿਣਵਾ, ਸਤਿੰਦਰਜੀਤ ਸਿੰਘ ਮੰਟਾ ਓ.ਐੱਸ.ਡੀ., ਗੁਰਪਾਲ ਸਿੰਘ ਗਰੇਵਾਲ ਜ਼ਿਲ੍ਹਾ ਪ੍ਰਧਾਨ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਹਰਬਿੰਦਰ ਸਿੰਘ ਹੈਰੀ, ਮੈਂਬਰ ਸ਼੍ਰੋਮਣੀ ਕਮੇਟੀ ਕੌਰ ਸਿੰਘ ਬਹਾਵਵਾਲਾ, ਜ਼ੈਲਦਾਰ ਰਾਜਾ ਸੋਖੋਂ, ਰਾਜਿੰਦਰ ਸਿੰਘ ਬਰਾੜ, ਚੌਧਰੀ ਪ੍ਰਲਾਦ ਖਾਟਵਾ, ਹਵਾ ਸਿੰਘ ਪੂਨੀਆ, ਜਸਵਿੰਦਰ ਸਿੰਘ ਜੱਸੀ, ਸੁਖਜਿੰਦਰ ਸਿੰਘ ਬਰਾੜ ਚੰਨਣ ਖੇੜਾ, ਸੁਖਰਾਜ ਸਿੰਘ ਸਾਬਕਾ ਸਰਪੰਚ, ਰਾਜਾ ਗਿੱਲ ਗੱਦਾਡੋਬ, ਦੀਪਾ ਮਲੁਕਪੁਰਾ, ਨੰਬਰਦਾਰ ਗੁਰਦੀਪ ਸਿੰਘ, ਸਾਬਕਾ ਸਰਪੰਚ ਪ੍ਰਦੀਪ ਨਿਉਲ, ਮਲਕੀਤ ਸਿੰਘ ਗੋਬਿੰਦਗੜ੍ਹ, ਅਮਨਿੰਦਰ ਸਿੰਘ ਸਾਬਕਾ ਸਰਪੰਚ, ਸੰਦੀਪ ਸਿੰਘ ਬਹਾਦਰ ਖੇੜਾ, ਬਸਪਾ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਰੰਘਰੇਟਾ, ਇਸਤਰੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਕੌਰ, ਜ਼ਿਲ੍ਹਾ ਉਪ ਪ੍ਰਧਾਨ ਬਲਵਿੰਦਰ ਕੌਰ, ਇੰਦਰਜੀਤ ਕੌਰ, ਜੋਤੀ ਬਾਲਾ, ਸਰਤਾਜ ਪ੍ਰੀਤ ਸਿੰਘ ਤਾਜੀ, ਗੁਰਪ੍ਰੀਤ ਸਿੰਘ ਜੁਗਨੂੰ, ਵਿਜੇ ਡੰਗਰਖੇੜਾ, ਮਲਕੀਤ ਸਿੰਘ, ਸ਼ਮਿੰਦਰ ਸਿੰਘ, ਜਗਦੇਵ ਸਿੰਘ ਸੰਧੂ, ਪਰਮਿੰਦਰ ਸਿੰਘ ਕੁੰਡਲ, ਰਮਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

ਬੱਲੂਆਣਾ ਵਿਧਾਨ ਸਭਾ ਹਲਕੇ ਦੇ ਪਿੰਡ ਕੁੰਡਲ ਵਿਖੇ ਹਲਕੇ ਤੋਂ ਉਮੀਦਵਾਰ ਹਰਦੇਵ ਮੇਘ ਦੇ ਹੱਕ ਵਿਚ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਹਾਜ਼ਰ ਲੀਡਰਸ਼ਿਪ। ਤਸਵੀਰ-ਸੁਖਜੀਤ ਸਿੰਘ ਬਰਾੜ

ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦੇ ਦਫ਼ਤਰ ਮੂਹਰੇ ਸੜਕ ਜਾਮ ਕਰ ਕੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਆਯੁਰਵੈਦਿਕ ਡੀ. ਫਾਰਮੇਸੀ ਉਪ ਵੈਦ ਯੂਨੀਅਨ ਦੇ ਆਗੂ। ਤਸਵੀਰ-ਪ੍ਰਦੀਪ ਕੁਮਾਰ

ਆਯੁਰਵੈਦਿਕ ਡੀ. ਫਾਰਮੇਸੀ ਉਪ ਵੈਦ ਯੂਨੀਅਨ ਵਲੋਂ ਵਿਧਾਇਕ ਘੁਬਾਇਆ ਦੇ ਦਫ਼ਤਰ ਮੂਹਰੇ ਧਰਨਾ

ਫ਼ਾਜ਼ਿਲਕਾ, 3 ਜਨਵਰੀ(ਦਵਿੰਦਰ ਪਾਲ ਸਿੰਘ)-ਆਯੁਰਵੈਦਿਕ ਡੀ. ਫਾਰਮੇਸੀ ਉਪ ਵੈਦ ਯੂਨੀਅਨ ਵਲੋਂ ਫ਼ਾਜ਼ਿਲਕਾ ਦੇ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦੇ ਦਫ਼ਤਰ ਮੂਹਰੇ ਧਰਨਾ ਲਗਾ ਕੇ ਸੜਕ ਜਾਮ ਕੀਤੀ ਗਈ। ਇਸ ਮੌਕੇ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਸੂਬਾ ਪ੍ਰਧਾਨ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਾਲ 2015 ਵਿਚ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਪੰਜਾਬ ਹੁਸਨ ਲਾਲ ਸਕੱਤਰ ਸਨ ਤੇ ਉਨ੍ਹਾਂ ਦੀ ਅਗਵਾਈ ਹੇਠ ਉਪ ਵੈਦ ਦੀ ਰਜਿਸਟਰੇਸ਼ਨ ਦਾ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ, ਜਿਸ ਅਨੁਸਾਰ ਆਯੁਰਵੈਦਿਕ ਦਵਾਈਆਂ ਵੇਚਣ ਦਾ ਅਧਿਕਾਰ ਸਿਰਫ਼ ਉਪ ਵੈਦ ਨੂੰ ਦਿੱਤਾ ਗਿਆ ਸੀ ਤੇ ਡਰੱਗ, ਕੈਮਿਸਟ ਦੁਕਾਨ ਤੇ ਉਪ ਵੈਦ ਦੀ ਨਿਯੁਕਤੀ ਲਾਜ਼ਮੀ ਕੀਤੀ ਗਈ ਸੀ, ਪਰ ਅਜਿਹਾ ਕਾਨੂੰਨ ਨਾ ਹੋਣ ਕਾਰਨ ਪੰਜਾਬ ਸਰਕਾਰ ਨੇ ਇਸ ਨੂੰ ਲਾਗੂ ਨਹੀਂ ਕੀਤਾ। ਇਸ ਲਈ ਉਪ ਵੈਦ ਦੀ ਰਜਿਸਟ੍ਰੇਸ਼ਨ ਕਾਗ਼ਜ਼ ਦਾ ਟੁਕੜਾ ਬਣ ਕੇ ਰਹਿ ਗਈਆਂ। ਯੂਨੀਅਨ ਆਗੂਆਂ ਨੇ ਦੱਸਿਆ ਕਿ ਆਯੁਰਵੈਦਿਕ ਵਿਭਾਗ ਤੇ ਬੋਰਡ ਆਫ਼ ਆਯੁਰਵੈਦਿਕ ਤੇ ਯੂਨਾਨੀ ਸਿਸਟਮਜ਼ ਆਫ਼ ਮੈਡੀਸਨ ਪੰਜਾਬ ਵਲੋਂ ਬਿਨਾ ਕਿਸੇ ਨੋਟੀਫ਼ਿਕੇਸ਼ਨ ਜਾਰੀ ਕੀਤੇ ਉਪ ਵੈਦ ਦੀ ਰੀਨਿਊ ਰਜਿਸਟ੍ਰੇਸ਼ਨ ਫ਼ੀਸ ਦੁੱਗਣੀ ਕਰ ਦਿੱਤੀ ਗਈ। ਆਗੂਆਂ ਨੇ ਮੰਗ ਕੀਤੀ ਕਿ ਉਪ ਵੈਦਾਂ ਦਾ ਕਾਨੂੰਨ ਬਣਾਇਆ ਜਾਵੇ ਤੇ ਆਯੁਰਵੈਦਿਕ ਦਵਾਈਆਂ ਵੇਚਣ ਲਈ ਉਪ ਵੈਦ ਦੀ ਨਿਯੁਕਤੀ ਲਾਜ਼ਮੀ ਕੀਤੀ ਜਾਵੇ ਤਾਂਕਿ ਹਜ਼ਾਰਾਂ ਉਪ ਵੈਦ ਆਪਣਾ ਰੁਜ਼ਗਾਰ ਚਲਾ ਸਕਣ। ਇਸ ਦੌਰਾਨ ਵਿਧਾਇਕ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਹੰਸ ਰਾਜ, ਸੁਰਿੰਦਰ ਕੁਮਾਰ, ਹਰਸ਼ਰਨ ਸਿੰਘ, ਲਵਪ੍ਰੀਤ ਸਿੰਘ, ਸੰਦੀਪ ਸਿੰਘ, ਜਰਨੈਲ ਸਿੰਘ, ਜੋਗਿੰਦਰ ਸਿੰਘ, ਮੀਨੂ, ਨੀਤੂ ਬਾਲਾ, ਕਪਿਲ ਕੁਮਾਰ, ਸੁੱਖਾ ਸਿੰਘ, ਜਸਪਾਲ ਸਿੰਘ, ਗੁਰਜੀਤ ਸਿੰਘ, ਬੇਗ਼ ਚੰਦ, ਸੰਦੀਪ ਕੁਮਾਰ, ਲਖਵਿੰਦਰ ਸਿੰਘ ਤੇ ਉਤਾਰ ਸਿੰਘ ਆਦਿ ਹਾਜ਼ਰ ਸਨ।

ਐੱਮ. ਸੀ. ਗਲੀ 'ਚ ਝਪਟਮਾਰਾਂ ਨੇ ਮੋਬਾਈਲ ਖੋਹਿਆ

ਜਲਾਲਾਬਾਦ, 3 ਜਨਵਰੀ (ਜਤਿੰਦਰ ਪਾਲ ਸਿੰਘ)-ਜਲਾਲਾਬਾਦ ਦੀ ਪੁਰਾਣੀ ਐੱਮ. ਸੀ. ਗਲੀ ਵਿਚੋਂ ਦੋ ਨੌਜਵਾਨਾਂ ਵਲੋਂ ਇਕ ਵਿਅਕਤੀ ਦਾ ਮੋਬਾਈਲ ਖੋਹ ਕੇ ਫ਼ਰਾਰ ਹੋਣ ਦਾ ਸਮਾਚਾਰ ਹੈ। ਘਟਨਾ ਦਾ ਸ਼ਿਕਾਰ ਬਣੇ ਸਤੀਸ਼ ਕੁਮਾਰ ਪੁੱਤਰ ਗੁਰਬਚਨ ਲਾਲ ਵਾਸੀ ਮਹੱਲਾ ਰਾਜਪੂਤਾਂ ਵਾਲਾ, ਗਲੀ ਗੁਰਦੁਆਰਾ ਬਾਬਾ ਬਚਿੱਤਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਰੀਅਲ ਮੀ ਕੰਪਨੀ ਦਾ ਮੋਬਾਈਲ ਜਿਸ ਦੀ ਕੀਮਤ ਲਗਪਗ 13 ਹਜ਼ਾਰ ਰੁਪਏ ਹੈ, ਖੋਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਉਹ ਪੁਰਾਣੇ ਮੁਕਤਸਰ ਵਾਲਾ ਅੱਡੇ ਤੋਂ ਐੱਮ. ਸੀ. ਗਲੀ ਵਿਖੇ ਜਾ ਰਿਹਾ ਸੀ। ਕਿਸੇ ਦਾ ਫ਼ੋਨ ਆਉਣ ਤੇ ਜਦੋਂ ਉਨ੍ਹਾਂ ਨੇ ਫ਼ੋਨ ਆਪਣੀ ਜੇਬ ਤੋਂ ਕੱਢਿਆ ਤਾਂ ਅਚਾਨਕ ਪਿਛਲੇ ਪਾਸੇ ਤੋਂ ਇਕ ਕਾਲੇ ਰੰਗ ਦਾ ਮੋਟਰਸਾਈਕਲ ਆਇਆ, ਜਿਸ ਦੀਆਂ ਲਾਈਟਾਂ ਬੰਦ ਸਨ ਅਤੇ ਮੋਟਰਸਾਈਕਲ ਤੇ ਸਵਾਰ ਨੌਜਵਾਨਾਂ ਨੇ ਜਿਨ੍ਹਾਂ ਦੇ ਮੂੰਹ ਬੰਨੇ ਹੋਏ ਸਨ, ਵਲੋਂ ਉਨ੍ਹਾਂ ਦਾ ਮੋਬਾਈਲ ਹੱਥ ਵਿਚੋਂ ਖੋਹ ਲਿਆ ਤੇ ਮੋਟਰਸਾਈਕਲ ਭਜਾ ਕੇ ਫ਼ਰਾਰ ਹੋ ਗਏ। ਸਤੀਸ਼ ਕੁਮਾਰ ਨੇ ਦੱਸਿਆ ਕਿ ਇਸ ਬਾਬਤ ਥਾਣਾ ਸਿਟੀ ਜਲਾਲਾਬਾਦ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਜਾਣਕਾਰੀ ਦਿੰਦੇ ਹੋਏ ਘਟਨਾ ਦਾ ਸ਼ਿਕਾਰ ਬਣੇ ਸਤੀਸ਼ ਕੁਮਾਰ। ਤਸਵੀਰ-ਜਤਿੰਦਰ ਪਾਲ ਸਿੰਘ

ਫ਼ਾਜ਼ਿਲਕਾ ਵਿਖੇ ਵਰਕਰਾਂ ਦੇ ਇਕੱਠ ਦੌਰਾਨ ਮੰਚ 'ਤੇ ਬੈਠੇ ਸਮਰਬੀਰ ਸਿੰਘ ਸਿੱਧੂ ਤੇ ਹੋਰ ਆਗੂ। (ਸੱਜੇ) ਫ਼ਾਜ਼ਿਲਕਾ ਦੀ ਘਾਹ ਮੰਡੀ ਵਿਖੇ ਸਮਰਬੀਰ ਸਿੰਘ ਸਿੱਧੂ ਦੇ ਸਮਰਥਕਾਂ ਦਾ ਭਾਰੀ ਇਕੱਠ। ਤਸਵੀਰ-ਪ੍ਰਦੀਪ ਕੁਮਾਰ

ਵਰਕਰਾਂ ਦੀ ਕਦਰ ਕਰਨ ਵਾਲੀ ਪਾਰਟੀ ਹੀ ਕਾਮਯਾਬ ਹੁੰਦੀ ਹੈ- ਸਮਰਬੀਰ

ਫ਼ਾਜ਼ਿਲਕਾ, 3 ਜਨਵਰੀ (ਦਵਿੰਦਰ ਪਾਲ ਸਿੰਘ)-ਆਮ ਆਦਮੀ ਪਾਰਟੀ ਵਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਫ਼ਾਜ਼ਿਲਕਾ ਦੇ ਹਲਕਾ ਇੰਚਾਰਜ ਸਮਰਬੀਰ ਸਿੰਘ ਸਿੱਧੂ ਨੂੰ ਟਿਕਟ ਨਾ ਦੇ ਕੇ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਸੂਬਾ ਉਪ ਪ੍ਰਧਾਨ ਨਰਿੰਦਰ ਸਿੰਘ ਸਵਨਾ ਨੂੰ ਦਿੱਤੇ ਜਾਣ ਦੇ ਰੋਸ ਵਜੋਂ ਸਮਰਬੀਰ ਸਿੰਘ ਨੇ ਫ਼ਾਜ਼ਿਲਕਾ ਦੀ ਘਾਹ ਮੰਡੀ 'ਚ ਆਪਣੇ ਸਮਰਥਕਾਂ ਦਾ ਇਕੱਠ ਕਰ ਕੇ ਭਵਿੱਖ ਦਾ ਫ਼ੈਸਲਾ 11 ਮੈਂਬਰੀ ਕਮੇਟੀ ਤੇ ਛੱਡ ਦਿੱਤਾ। ਘਾਹ ਮੰਡੀ ਵਿਚ ਜੁੜੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸਮਰਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਵਲੰਟੀਅਰਾਂ ਨੂੰ ਪਿੱਛੇ ਛੱਡ ਕੇ ਦੂਜੀਆਂ ਪਾਰਟੀਆਂ ਵਿਚੋਂ ਆਏ ਆਗੂਆਂ ਨੂੰ ਟਿਕਟਾਂ ਵੰਡੀਆਂ ਹਨ। ਉਨ੍ਹਾਂ ਕਿਹਾ ਕਿ ਫ਼ਾਜ਼ਿਲਕਾ ਹਲਕੇ ਤੋਂ ਅਕਾਲੀ ਦਲ ਵਿਚੋਂ ਆਏ ਆਗੂ ਨੂੰ ਟਿਕਟ ਮਿਲੀ ਹੈ। ਬੱਲੂਆਣਾ ਅਤੇ ਜਲਾਲਾਬਾਦ ਤੋਂ ਕਾਂਗਰਸ ਪਾਰਟੀ ਛੱਡਣ ਵਾਲਿਆਂ ਨੂੰ ਟਿਕਟਾਂ ਮਿਲੀਆਂ। ਉਨ੍ਹਾਂ ਕਿਹਾ ਕਿ ਜਿਹੜੀ ਪਾਰਟੀ ਵਰਕਰਾਂ ਦੀ ਕਦਰ ਕਰਦੀ ਹੋਵੇ, ਉਹ ਪਾਰਟੀ ਹੀ ਕਾਮਯਾਬ ਹੁੰਦੀ ਹੈ, ਪਰ ਆਮ ਆਦਮੀ ਪਾਰਟੀ ਨੇ ਵਰਕਰਾਂ ਦੀ ਕਦਰ ਨਹੀਂ ਪਾਈ। ਉਨ੍ਹਾਂ ਕਿਹਾ ਕਿ ਮੈਂ ਕਿਸੇ ਸਿਆਸੀ ਪਾਰਟੀ ਨਾਲ ਨਹੀਂ ਜੁੜਿਆ ਸੀ, ਸਿਰਫ਼ 'ਆਪ' ਦੀ ਵਿਚਾਰਧਾਰਾ ਨਾਲ ਜੁੜਿਆ ਸੀ, ਪਰ ਹੁਣ ਆਮ ਆਦਮੀ ਪਾਰਟੀ ਨੇ ਆਪਣੀ ਵਿਚਾਰਧਾਰਾ ਬਦਲ ਲਈ ਹੈ। ਉਨ੍ਹਾਂ ਕਿਹਾ ਕਿ ਮੈਂ ਫ਼ਾਜ਼ਿਲਕਾ ਦੇ ਲੋਕਾਂ ਨਾਲ ਹਰੇਕ ਹੱਦ ਤੱਕ ਜਾਣ ਲਈ ਤਿਆਰ ਹਾਂ। ਭਵਿੱਖ ਦੀ ਰਾਜਨੀਤੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਬਾਰੇ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਦੇ ਨਾਲ ਹੀ ਇਕ ਮੈਂਬਰਸ਼ਿਪ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ। ਇਹ 11 ਮੈਂਬਰੀ ਕਮੇਟੀ ਮੇਰੇ ਸਮਰਥਕਾਂ ਨਾਲ ਸਲਾਹ ਕਰ ਕੇ ਜੋ ਵੀ ਫ਼ੈਸਲਾ ਕਰੇਗੀ, ਉਸ ਨੂੰ ਮੰਨਾਂਗਾ। ਇਸ ਮੌਕੇ ਉਨ੍ਹਾਂ ਦੀ ਮਾਤਾ ਜਸ਼ਨਦੀਪ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਗਰ ਟਿਕਟ ਨਹੀਂ ਦੇਣੀ ਸੀ ਤਾਂ ਉਨ੍ਹਾਂ ਨੂੰ ਹਲਕਾ ਇੰਚਾਰਜ ਕਿਉਂ ਲਗਾਇਆ ਗਿਆ। ਉਨ੍ਹਾਂ ਕਿਹਾ ਕਿ ਇਕ ਸਾਜ਼ਿਸ਼ ਤਹਿਤ ਉਨ੍ਹਾਂ ਦੇ ਪਰਿਵਾਰ ਦੀ ਟਿਕਟ ਕੱਟੀ ਗਈ ਹੈ, ਜਦੋਂਕਿ ਸਮਰਬੀਰ ਹਰੇਕ ਵਰਗ ਦੇ ਲੋਕਾਂ ਦਾ ਪੂਰਾ ਸਤਿਕਾਰ ਕਰਦਾ ਹੈ। ਅੱਜ ਦਾ ਇਕੱਠ ਇਹ ਦੱਸਦਾ ਹੈ ਕਿ ਲੋਕ ਉਸ ਦੇ ਨਾਲ ਹਨ। ਇਸ ਮੌਕੇ ਭਜਨ ਲਾਲ, ਕੌਂਸਲਰ ਸੋਮਾ ਰਾਣੀ, ਐਡਵੋਕੇਟ ਰਾਜੇਸ਼ ਕਾਲੜਾ, ਚਰਨਜੀਤ ਕੌਰ ਮੈਣੀ, ਰਾਕੇਸ਼ ਖੁਰਾਨਾ, ਨੀਲ ਮਨੀ ਸੇਤੀਆ, ਨਰੇਸ਼ ਰਾਜਦੇਵ, ਡਾ. ਸਤਪਾਲ, ਸ਼ੇਖਰ, ਮਮਤਾ ਰਾਣੀ, ਸੂਬੇਦਾਰ ਚੰਦ ਸਿੰਘ, ਕ੍ਰਿਸ਼ਨ ਲਾਲ, ਭਾਰਤ ਭੂਸ਼ਨ, ਆਤਮਾ ਰਾਮ, ਪਰਵਿੰਦਰ ਸਿੰਘ ਕਾਕਾ ਸ਼ਰਮਾ, ਰਿਕੂ ਕੰਬੋਜ, ਲਾਜਿੰਦਰ ਕੌਰ, ਵਰਿੰਦਰ ਸ਼ਰਮਾ, ਕੁਲਦੀਪ ਨੈਨ, ਸੁਮਿਤ ਨੈਨ, ਕੁਲਦੀਪ ਨੈਨ, ਗੁਰਦੀਪ ਸਿੰਘ ਤੇ ਆਦਰਸ਼ ਆਦਿ ਹਾਜ਼ਰ ਸਨ।

ਸਮਰਥਕਾਂ ਦਾ ਭਰਵਾਂ ਇਕੱਠ ਕਰ ਭਵਿੱਖ ਦਾ ਫ਼ੈਸਲਾ 11 ਮੈਂਬਰੀ ਕਮੇਟੀ 'ਤੇ ਛੱਡਿਆ

ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਹੋਏ ਝਗੜੇ 'ਚ ਇਕ ਜ਼ਖਮੀ

ਜਲਾਲਾਬਾਦ, 3 ਜਨਵਰੀ (ਕਰਨ ਚੁਚਰਾ)-ਸ਼ਹਿਰ ਦੀ ਅਨਾਜ ਮੰਡੀ 'ਚ ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਹੋਏ ਝਗੜੇ 'ਚ ਇਕ ਵਿਅਕਤੀ ਜ਼ਖਮੀ ਹੋ ਗਿਆ। ਜ਼ਖਮੀ ਗੁਲਸ਼ਨ ਕੁਮਾਰ ਵਾਸੀ ਜਲਾਲਾਬਾਦ ਨੂੰ ਇਲਾਜ ਲਈ ਸਿਵਲ ਹਸਪਤਾਲ ਜਲਾਲਾਬਾਦ 'ਚ ਭਰਤੀ ਕਰਵਾਇਆ ਗਿਆ, ਜਿੱਥੇ ਉਸ ਨੂੰ ਫ਼ਰੀਦਕੋਟ ਲਈ ਰੈਫ਼ਰ ਕਰ ਦਿੱਤਾ ਗਿਆ। ਜਾਣਕਾਰੀ ਦਿੰਦੇ ਹੋਏ ਜ਼ਖਮੀ ਗੁਲਸ਼ਨ ਕੁਮਾਰ ਦੇ ਭਰਾ ਸੋਨੂੰ ਚੁੱਘ ਨੇ ਦੱਸਿਆ ਕਿ ਗੁਲਸ਼ਨ ਕੁਮਾਰ ਦਾ ਰੋਹਿਤ ਕੁਮਾਰ ਨਾਲ ਪੁਰਾਣਾ ਪੈਸਿਆਂ ਦਾ ਲੈਣ ਦੀ ਸੀ ਤੇ ਇਸ ਨੂੰ ਲੈ ਕੇ ਸ਼ਹਿਰ ਦੀ ਅਨਾਜ 'ਚ ਸਤਪਾਲ ਦੀ ਦੁਕਾਨ 'ਤੇ ਦੋਹਾਂ ਘਰਾਂ ਦੇ ਆਪਸੀ ਰਾਜ਼ੀਨਾਮੇ ਨੂੰ ਲੈ ਕੇ ਬੁਲਾਇਆ ਗਿਆ ਸੀ। ਇਸ ਦੌਰਾਨ ਮਨਦੀਪ ਦਰਗਨ ਵਲੋਂ ਗੁਲਸ਼ਨ ਕੁਮਾਰ ਨਾਲ ਅਜੇ ਗੱਲਬਾਤ ਕੀਤੀ ਹੀ ਜਾ ਰਹੀ ਸੀ ਕਿ ਰੋਹਿਤ ਕੁਮਾਰ ਨੇ ਆਉਂਦਿਆਂ ਹੀ ਗੁੱਸੇ 'ਚ ਗੁਲਸ਼ਨ ਕੁਮਾਰ 'ਤੇ ਇੱਟਾਂ ਨਾਲ ਹਮਲਾ ਕਰ ਦਿੱਤਾ ਤੇ ਜ਼ਖਮੀ ਕਰ ਦਿੱਤਾ। ਇਸ ਤੋਂ ਬਾਅਦ ਜ਼ਖਮੀ ਹਾਲਤ 'ਚ ਗੁਲਸ਼